ੴ

# ਸੰਪਾਦਕ ਦੀ ਕਲਮ ਤੋਂ

# ਸਾਕਾ ਨੀਲਾ ਤਾਰਾ ਦੀ ਯਾਦ

ਗੱਲ 1983 ਨਵੰਬਰ ਦੀ ਹੈ, ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਸੀ। ਸਟੇਜ ਸਕੱਤਰ ਬੜੇ ਤਰਨੰਮ ਵਿੱਚ ਪੜ੍ਹ ਰਹੇ ਸਨ, 'ਕਟੋ ਚੁਰਾਸੀ ਬਾਬਾ ਜੀ..' ਤਾਂ ਕਿਸੇ ਨੇ ਕਿਹਾ ਜੇ ਸਾਲ ਤਿਰਾਸੀ ਨਿਕਲ ਗਿਆ ਤਾਂ ਚੁਰਾਸੀ ਵੀ ਕਟੀ ਹੀ ਜਾਏਗੀ, ਪਰ ਨਹੀਂ ਚੁਰਾਸੀ ਦਾ ਸਾਲ ਨਹੀਂ ਨਿਕਲਿਆ, ਇਹ ਸਾਲ ਨਾ ਕੇਵਲ ਸਿੱਖ ਪੰਥ ਲਈ ਘਨਘੋਰ ਘਟਾਵਾਂ ਅਤੇ ਘੱਲੂਘਾਰਿਆਂ ਵਾਲਾ ਸਾਲ ਹੋ ਨਿਬੜਿਆਂ ਜਿੱਥੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਵਿੱਚ ਦਰਬਾਰ ਸਾਹਿਬ ਛਨਣੀ ਹੋਇਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਹੋਇਆ ਬਲਕਿ ਇਸ ਹਮਲੇ ਨੂੰ ਸਰੰਜਾਮ ਦੇਣ ਕਰਕੇ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਭਾਰਤੀ ਸੇਨਾ ਦੇ ਮੁਖੀ ਵੀ ਇਸ ਦੀ ਭੇਟ ਚੜ੍ਹ ਗਏ, ਕੌਮਾਂ ਦੇ ਇਤਿਹਾਸ ਵਿੱਚ ਕੁਝ ਘਟਨਾਵਾਂ ਉਸਦੇ ਵਹਿਣ ਨੂੰ ਮੋੜ ਦਿੰਦੀਆਂ ਹਨ ਅਤੇ ਜਿਨ੍ਹਾਂ ਦਾ ਅਸਰ ਸਦੀਵੀ ਹੁੰਦਾ ਹੈ। ਇਹ ਇਤਿਹਾਸ ਸਦੀਆਂ ਦੇ ਮਾਪਦੰਡ ਵਿੱਚ ਲਿਖੇ ਜਾਂਦੇ ਹਨ, ਇਸ ਵਿੱਚ ਦਸ, ਵੀਹ, ਤੀਹ ਜਾਂ ਪੰਜਾਹ ਸਾਲ ਦਾ ਵੱਖਰਾ ਕਾਲ ਕਿਸੇ ਨਿਰਣੇ 'ਤੇ ਪਹੁੰਚਣ ਲਈ ਕਾਫ਼ੀ ਨਹੀਂ ਹੁੰਦਾ, ਸਾਕਾ ਨੀਲਾ ਤਾਰਾ ਵੀ ਅਜਿਹਾ ਹੀ ਇਕ ਸਾਕਾ ਹੈ। ਇਹ ਸਾਕਾ ਇਕ ਆਮ ਜਿਹਾ ਕਾਨੂੰਨ ਵਿਵਸਥਾ ਦਾ ਮਾਮਲਾ ਨਹੀਂ ਸੀ, ਜਿਵੇਂ ਕਿ ਪ੍ਰਚਾਰਿਆ ਗਿਆ ਅਤੇ ਨਾ ਹੀ ਇਹ ਇਕ ਅਚਨਚੇਤ ਵਾਪਰੀ ਉਪਰੀ ਜਿਹੀ ਘਟਨਾ ਸੀ, ਸਿੱਖ ਕੌਮ ਦਾ ਆਪਣੀ ਵੱਖਰੀ ਪਛਾਣ, ਧਾਰਮਿਕ ਹਸਤੀ ਨੂੰ ਕਾਨੂੰਨੀ ਮਾਨਤਾ, ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਵਿਤਕਰਿਆਂ ਪ੍ਰਤੀ ਰੋਸ ਅਤੇ ਸਿੱਖ ਵਸੋਂ ਵਾਲੇ ਪ੍ਰਦੇਸ਼ ਪੰਜਾਬ ਦੇ ਮਸਲਿਆਂ ਲਈ ਸਿੱਖ ਜਦੋ-ਜਹਿਦ ਨੇ ਇਸ ਨੂੰ ਅਮਲ ਵਿੱਚ ਲਿਆਂਦਾ।

ਸਰਕਾਰੀ ਪ੍ਰਚਾਰ ਤੰਤਰ ਤੇ ਵੱਡੀ ਪੱਧਰ 'ਤੇ ਬੜੇ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਗਿਆ ਕਿ 'ਬਲਿਊ ਸਟਾਰ' ਆਪ੍ਰੇਸ਼ਨ ਦਰਬਾਰ ਸਾਹਿਬ ਦੀ ਪਵਿੱਤ੍ਰਤਾ ਬਹਾਲ ਕਰਨ ਲਈ ਮਜ਼ਬੂਰੀ ਵਿੱਚ ਚੁੱਕਿਆ ਗਿਆ ਇਕ ਕਦਮ ਸੀ, ਪਰ ਜੇ ਇਹ ਸਹੀ ਸੀ ਤਾਂ ਕੇਵਲ ਦਰਬਾਰ ਸਾਹਿਬ 'ਤੇ ਹੀ ਨਹੀਂ ਬਲਕਿ ਸਰਕਾਰੀ ਵ੍ਹਾਈਟ ਪੇਪਰ ਮੁਤਾਬਿਕ ਚਾਲੀ ਤੋਂ ਵੱਧ ਇਤਿਹਾਸਕ ਗੁਰਦੁਆਰਿਆਂ ਤੇ ਵੱਡੀ ਪੱਧਰ 'ਤੇ ਇਹ ਫ਼ੌਜੀ ਕਾਰਵਾਈ ਕਿਉਂ ਕੀਤੀ ਗਈ?

ਇਕ ਪਾਸੇ ਭਾਰਤ ਸਰਕਾਰ ਦੇ ਗ੍ਰਹਿ-ਮੰਤਰੀ ਸੇਠੀ ਵੱਲੋਂ ਪਾਰਲੀਮੈਂਟ ਵਿੱਚ ਇਹ ਬਿਆਨ ਦਿੱਤਾ ਗਿਆ ਕਿ ਪੁਲਿਸ ਦਰਬਾਰ ਸਾਹਿਬ ਵਿੱਚ ਦਾਖ਼ਲ ਨਹੀਂ ਹੋਏਗੀ ਅਤੇ ਦੂਸਰੇ ਪਾਸੇ ਦਰਬਾਰ ਸਾਹਿਬ 'ਤੇ ਫ਼ੌਜੀ ਕਾਰਵਾਈ ਲਈ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਦਿਨ ਚੁਣਿਆ ਗਿਆ, ਜਿਸ ਦਿਨ ਸੰਗਤ ਦਾ ਭਰਵਾਂ ਇਕੱਠ ਸੀ। ਇਸ ਦੇ ਨਾਲ ਹੀ ਇਹ ਦਰਬਾਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਧਰਮ ਯੁੱਧ ਮੋਰਚੇ ਕਰਕੇ ਵੀ ਸੰਗਤ ਦੀ ਭਰਪੂਰ ਗਹਿਮਾ ਗਹਿਮੀ ਸੀ ਅਤੇ ਇਸ ਕਾਰਵਾਈ ਤੋਂ ਪਹਿਲੇ ਕਰਫਿਊ ਲਗਾ ਦਿੱਤਾ ਗਿਆ, ਤਾਂ ਫਿਰ ਕੀ ਇਹ ਸਹੀ ਮਾਇਨੇ ਵਿੱਚ ਕੁਝ ਕੁ ਖਾੜਕੂਆਂ ਦੇ ਵਿਰੁੱਧ ਕਾਰਵਾਈ ਸੀ ਜਾਂ ਫਿਰ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੂੰ ਪ੍ਰਭਾਵਿਤ ਕਰ ਕੇ ਪੂਰੀ ਕੌਮ ਨੂੰ ਸਬਕ ਸਿਖਾਉਣ ਦਾ ਇਕ ਅਮਲ? ਕਿਸੇ ਸਿੱਖ ਦਾ ਉੱਚੇ ਅਹੁਦੇ 'ਤੇ ਪਹੁੰਚ ਜਾਣਾ ਹੀ ਕਾਫ਼ੀ ਨਹੀਂ ਹੁੰਦਾ, ਤਫ਼ਤੀਸ਼ ਨਾਕ ਗੱਲ ਤਾਂ ਇਹ ਹੈ ਕਿ ਇਸ ਫੌਜੀ ਕਾਰਵਾਈ ਸਮੇਂ ਭਾਰਤੀ ਫ਼ੌਜਾਂ ਦਾ ਰਸਮੀ ਸੁਪਰੀਮ ਕਮਾਂਡਰ ਇਕ ਸਿੱਖ ਹੀ ਸੀ।

ਇਤਿਹਾਸ ਹਮੇਸ਼ਾ ਜੇਤੂ ਅਤੇ ਤਾਕਤਵਰ ਲਿਖਦੇ ਹਨ ਅਤੇ ਸਰਕਾਰ ਵੱਲੋਂ ਜਾਰੀ ਵ੍ਹਾਈਟ ਪੇਪਰ ਮੁਤਾਬਕ ਅਕਾਲ ਤਖ਼ਤ 'ਬਾਗੀ ਦਹਿਸ਼ਤਗਰਦਾਂ' ਦਾ ਗੜ੍ਹ ਸੀ, ਪਰ ਇਸ ਵਿੱਚ ਦਿੱਤੇ ਨਕਸ਼ਿਆਂ ਮੁਤਾਬਕ ਇਥੇ ਪਹੁੰਚਣ ਲਈ ਫ਼ੌਜ ਨੇ ਅਕਾਲ ਤਖ਼ਤ ਸਾਹਿਬ ਦੇ ਪਿਛਵਾੜੇ ਲੱਗਦੀਆਂ ਗਲੀਆਂ ਵਿੱਚੋਂ ਕੋਈ ਕਾਰਵਾਈ ਨਾ ਕਰ ਕੇ ਇਕ ਸਾਧਾਰਨ ਸ਼ਰਧਾਲੂ ਵੱਲੋਂ ਅਪਨਾਇਆ ਪਰਿਕਰਮਾ ਵਾਲਾ ਰਸਤਾ ਅਖ਼ਤਿਆਰ ਕੀਤਾ, ਜਿਸ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ, ਲਾਇਬ੍ਰੇਰੀ, ਤੋਸ਼ੇਖਾਨਾ, ਸਰਾਵਾਂ ਆਦਿ

ਸਾਰਾ ਦਾ ਸਾਰਾ ਇਸ ਅਜ਼ਾਬ ਦਾ ਸ਼ਿਕਾਰ ਹੋਇਆ।

ਇਸ ਸਾਕੇ ਦੇ ਘਟਨਾਕ੍ਰਮ ਬਾਰੇ ਭਾਰਤ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਬੜੇ ਜ਼ੋਰ ਸ਼ੋਰ ਨਾਲ ਵ੍ਹਾਈਟ ਪੇਪਰ' ਵੀ ਜਾਰੀ ਕਰ ਦਿੱਤੇ ਪਰ ਇਹ ਦੋਵੇਂ ਧਿਰਾਂ ਦੇ ਸਹੀ ਵਿਸ਼ਲੇਸ਼ਣ, ਇਸਦੇ ਕਾਰਣਾਂ ਅਤੇ ਅਜਿਹੇ ਸਾਕੇ ਦੇ ਮੁੜ ਨਾ ਦੁਹਰਾਏ ਜਾਣ ਦੇ ਹੱਲ ਬਾਰੇ ਪੂਰੀ ਤਰ੍ਹਾਂ ਮੂਕ ਹਨ, ਨੇੜ ਭਵਿੱਖ ਵਿੱਚ ਵੀ ਇਸ ਸਾਕੇ ਦੇ ਸਹੀ ਕਾਰਨਾਂ ਦੇ ਜਗ ਜਾਹਰ ਹੋਣ ਦੀ ਕੋਈ ਆਸ ਨਹੀਂ ਹੈ, ਕਾਰਣ ਸਪੱਸ਼ਟ ਹੈ ਕਿ ਇਸ ਲਈ ਜ਼ਿੰਮੇਵਾਰ ਅਤੇ ਇਸ ਤੋਂ ਪ੍ਰਭਾਵਿਤ ਧਿਰਾਂ ਅਤੇ ਆਗੂ ਮੌਜੂਦ ਹਨ, ਦੋਨੋਂ ਧਿਰਾਂ ਵਿੱਚ ਇਸ ਬਾਰੇ ਮੂਕ ਸਹਿਮਤੀ ਪ੍ਰਤੱਖ ਹੈ ਕਿ ਅਜ਼ਾਦ ਭਾਰਤ ਵਿੱਚ ਵੀਹਵੀਂ ਸਦੀ ਦੇ ਵਾਪਰੇ ਇਸ ਘੱਲੂਘਾਰੇ ਨੂੰ ਜੇ ਮਿਟਾਇਆ ਨਹੀਂ ਜਾ ਸਕਦਾ ਤਾਂ ਇਸ ਨੂੰ ਭੁਲਾ ਜ਼ਰੂਰ ਦਿੱਤਾ ਜਾਏ।

ਇਕ ਪਾਸੇ ਸ਼੍ਰੋਮਣੀ ਕਮੇਟੀ ਨੇ 'ਬਲਿਊ ਸਟਾਰ' ਲਈ ਭਾਰਤ ਸਰਕਾਰ ਤੇ ਹਜ਼ਾਰਾਂ ਕਰੋੜ ਰੁਪਏ ਦੇ ਹਰਜਾਨੇ ਦੇ ਕੇਸ ਕੀਤੇ ਅਤੇ ਸ੍ਰੀ ਦਰਬਾਰ ਸਾਹਿਬ ਵਿੱਚ ਇਸ ਸਾਕੇ ਦੀ ਢੁੱਕਵੀਂ ਯਾਦਗਾਰ ਬਣਾਉਣ ਦਾ ਨਿਰਣਾ ਵੀ ਕੀਤਾ (ਜਿਸ ਬਾਰੇ ਅਮਲ ਹੋਣਾ ਬਾਕੀ ਹੈ) ਪਰ ਨਾਲ ਹੀ ਦੂਸਰੇ ਪਾਸੇ 'ਸੁੰਦਰੀ ਕਰਣ' ਦੇ ਨਾਮ ਤੇ ਇਸ ਘੱਲੂਘਾਰੇ ਦੇ ਸਾਰੇ ਯਾਦਗਾਰੀ ਚਿੰਨ੍ਹ, ਨਿਸ਼ਾਨ ਮਿਟਾ ਦਿੱਤੇ ਗਏ ਹਨ, ਅਲਬਤਾ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਘੰਟਾ ਘਰ ਵਾਲੀ ਬਾਹੀ ਦੇ ਥੱਲ੍ਹੇ ਉਹ ਹਿੱਸਾ ਮੌਜੂਦ ਹੈ ਜਿੱਥੇ ਸ਼ਹੀਦਾਂ ਦਾ ਖ਼ੂਨ ਡੁਲਿਆ ਅਤੇ ਉਹ ਸ਼ਹੀਦੀ ਟਾਈਲਾਂ ਅਜੇ ਮੌਜੂਦ ਹਨ। ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਦੇ ਮਤੇ ਦੀ ਪੂਰਤੀ ਇਸ ਯਾਦਗਾਰ ਨੂੰ ਸਾਂਭ ਕੇ ਪੂਰੀ ਕੀਤੀ ਜਾ ਸਕਦੀ ਹੈ।

ਹਰ ਸਰਕਾਰ ਦਾ ਇਹ ਐਲਾਨੀਆ ਅਮਲ ਹੁੰਦਾ ਹੈ ਕਿ ਧਰਮ ਤੇ ਰਾਜਨੀਤੀ ਇਕੱਠੇ ਨਹੀਂ ਰਹਿਣ ਦੇਣੇ, ਪਰ ਧਰਮ ਕੀ ਹੈ ਅਤੇ ਰਾਜਨੀਤੀ ਕੀ ਹੈ ਇਸ ਦਾ ਸਟੀਕ ਵਿਸ਼ਲੇਸ਼ਣ ਗਿਆਨੀ ਹੀਰਾ ਸਿੰਘ 'ਦਰਦ' ਨੇ ਕੀਤਾ ਸੀ ਕਿ ਜਿਹੜੀ ਵੀ ਗੱਲ ਸਰਕਾਰ ਨੂੰ ਚੰਗੀ ਨਾ ਲੱਗੇ, ਉਹ ਭਾਵੇਂ ਤੁਹਾਡਾ ਖਾਣ-ਪਾਣ, ਸਵਾਰੀ, ਅਸਤ੍ਰ-ਬਸਤ੍ਰ, ਕਿਸੇ ਦੇ ਧਰਮ ਦੀ ਰਾਖੀ ਹੋਵੇ, ਉਹ ਰਾਜਨੀਤੀ ਹੁੰਦੀ ਹੈ ਪਰ ਜੇ ਤੁਸੀਂ ਉਸੇ ਮੁੱਦੇ ਲਈ ਕੁਰਬਾਨੀ ਲਈ ਤਿਆਰ ਹੋ ਜਾਉ ਤਾਂ ਉਹ ਤੁਹਾਡਾ ਧਰਮ ਬਣ ਜਾਂਦਾ ਹੈ। 'ਬਲਿਊ ਸਟਾਰ' ਆਪ੍ਰੇਸ਼ਨ ਦੇ ਪਿਛੋਕੜ ਵਿੱਚ ਵੀ ਇਹੀ ਹੈ ਕਿ ਦਰਬਾਰ ਸਾਹਿਬ ਕੇਵਲ ਪੂਜਾ-ਪਾਠ, ਕਥਾ-ਕੀਰਤਨ ਦਾ ਸਥਾਨ ਤਾਂ ਹੋਵੇ ਪਰ ਮੀਰੀ-ਪੀਰੀ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਵਾਲੀ ਕੋਈ ਗੱਲ ਇਥੋਂ ਨਾ ਹੋਣ ਦਿੱਤੀ ਜਾਏ। ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਦੀ ਆਰੰਭਤਾ ਦੇ ਸਮੇਂ ਤੋਂ ਹੀ ਹਰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ ਲਈ ਜਦੋ-ਜਹਿਦ ਸ੍ਰੀ ਦਰਬਾਰ ਸਾਹਿਬ ਵਿੱਚੋਂ ਮੀਰੀ-ਪੀਰੀ ਦੇ ਤਖ਼ਤ ਤੋਂ ਹੀ ਅਰੰਭਦਾ ਰਿਹਾ ਹੈ। ਇਹ ਮੋਰਚੇ ਕੇਵਲ ਸਿੱਖ ਮਸਲਿਆਂ ਤੱਕ ਹੀ ਮਹਿਦੂਦ ਨਹੀਂ ਰਹੇ ਬਲਕਿ ਪਠਾਨਾਂ 'ਤੇ ਹੋਏ ਜ਼ੁਲਮ ਵਿਰੁੱਧ ਅਤੇ 1975 ਦੀ ਬਦਨਾਮ ਐਮਰਜੈਂਸੀ ਦੇ ਖਿਲਾਫ਼ ਵੀ ਦਰਬਾਰ ਸਾਹਿਬ ਵਿੱਚੋਂ ਹੀ ਅਰੰਭੇ ਗਏ। ਬਲਕਿ ਸ਼੍ਰੋਮਣੀ ਅਕਾਲੀ ਦਲ ਦਾ ਤਾਂ ਜਨਮ ਹੀ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਹੋਇਆ। ਹੁਣ ਬਲਿਊ ਸਟਾਰ ਆਪ੍ਰੇਸ਼ਨ ਦੇ ਦੂਸਰੇ ਦੌਰ ਦਾ ਅਰੰਭ ਹੈ। ਪਹਿਲਾ ਸ੍ਰੀ ਦਰਬਾਰ ਸਾਹਿਬ, ਇਸਦੇ ਪਾਵਨ ਸਰੋਵਰ, ਇਸਦੀ ਮਰਿਯਾਦਾ, ਸ੍ਰੀ ਅਕਾਲ ਤਖ਼ਤ ਸਾਹਿਬ, ਹੁਕਮਨਾਮੇ ਦੀ ਸੰਸਥਾ ਆਦਿ ਹਰ ਵਿਸ਼ੇ ਤੇ ਭੰਬਲ ਭੂਸਾ ਪਾਉਣ ਦੀ ਕੋਝੀ ਸਾਜ਼ਿਸ਼, ਦੂਸਰਾ ਸਰਕਾਰ ਅਤੇ ਹਾਲਾਤ ਤੋਂ ਮਜ਼ਬੂਰ ਸ਼੍ਰੋਮਣੀ ਅਕਾਲੀ ਦਲ ਦੇ ਸਹਿਯੋਗ ਅਤੇ ਆਪਸੀ ਮਿਲਵਰਤਣ ਨਾਲ ਪੂਰਾ ਹੋ ਗਿਆ ਜਾਪਦਾ ਹੈ, ਜਦੋਂ ਸ਼੍ਰੋਮਣੀ ਅਕਾਲੀ ਦਲ ਪੰਥ ਦੀ ਜਮਾਤ ਨਾ ਹੋ ਕੇ ਧਰਮ ਨਿਰਪੱਖ ਰਾਜਨੀਤਕ ਦਲ ਐਲਾਨਿਆ ਜਾ ਚੁੱਕਾ ਹੈ ਅਤੇ ਦੂਸਰੇ ਪਾਸੇ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਸਾਰੀਆਂ ਸਿੱਖ ਜੱਥੇਬੰਦੀਆਂ, ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਬਾਹਰ ਕਰ ਦਿੱਤੇ ਗਏ ਹਨ। ਕੀ ਹੁਣ ਮੀਰੀ-ਪੀਰੀ ਦੇ ਤਖ਼ਤ ਤੋਂ ਜਾਂ ਦਰਬਾਰ ਸਾਹਿਬ ਤੋਂ ਸਿੱਖ ਹਿੱਤਾਂ ਲਈ ਕੋਈ ਅਵਾਜ਼ ਬੁਲੰਦ ਨਹੀਂ ਹੋਏਗੀ। ਇਹ ਸਵਾਲ ਵੱਡਾ ਹੈ ਅਤੇ ਇਸ ਦਾ ਜਵਾਬ ਭਵਿੱਖ ਦੇ ਗਰਭ ਵਿੱਚ ਹੈ।

ਹੁਣ ਜਦੋਂ ਕਿ ਭਾਰਤ ਦੀ ਸਰਵੁੱਚ ਕਾਰਜਕਾਰਨੀ ਦੇ ਅਹੁਦੇ ਤੇ ਸਰਦਾਰ ਮਨਮੋਹਨ ਸਿੰਘ ਬਤੌਰ ਪ੍ਰਧਾਨ ਮੰਤਰੀ ਵਿਰਾਜਮਾਨ ਹਨ ਤਾਂ ਉਨ੍ਹਾਂ ਤੋਂ ਆਸ ਤਾਂ ਕੀਤੀ ਜਾ ਸਕਦੀ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ ਜਿਹੜਾ ਸਮਾਨ ਫ਼ੌਜ ਚੁੱਕ ਕੇ ਲੈ ਗਈ ਸੀ, ਉਹ ਭਾਰਤ ਸਰਕਾਰ ਵੱਲੋਂ ਬਿਨਾਂ ਦੇਰ ਵਾਪਸ ਕੀਤਾ ਜਾਏ ਅਤੇ ਜਿਹੜਾ ਹਰਜਾਨਾ ਸ਼੍ਰੋਮਣੀ ਕਮੇਟੀ ਨੇ ਕੋਰਟ ਰਾਹੀਂ ਮੰਗਿਆ ਹੈ ਉਸ ਦਾ ਨਿਰਣਾ ਕੀਤਾ ਜਾਏ।